# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
(ਦਫ਼ਤਰ ਕੰਟਰੋਲਰ, ਪ੍ਰੀਖਿਆਵਾਂ)

ਨੰ: 16755/COE
ਮਿਤੀ : 02/5/2024

## ਪੇਪਰ ਕਲੈਸ਼ ਕਰ ਰਹੇ ਵਿਦਿਆਰਥੀਆਂ ਲਈ ਜਰੂਰੀ ਸੂਚਨਾਂ

1. ਕੁੱਝ ਵਿਦਿਆਰਥੀਆਂ ਪਾਸੋਂ ਬੇਨਤੀਆਂ ਪ੍ਰਾਪਤ ਹੋਈਆਂ ਹਨ ਜਿਸ ਵਿੱਚ ਉਨ੍ਹਾਂ ਵੱਲੋਂ ਲਿਖਿਆ ਗਿਆ ਹੈ ਕਿ ਉਨ੍ਹਾਂ ਦੇ ਅੰਡਰ ਗਰੈਜੂਏਟ ਕੋਰਸਾਂ ਦੀਆਂ ਰੀਅਪੀਅਰ ਪ੍ਰੀਖਿਆਵਾਂ, ਉਨ੍ਹਾਂ ਦੀਆਂ ਰੈਗੂਲਰ ਅੰਡਰ ਗਰੈਜੂਏਟ ਕੋਰਸਾਂ ਜਾਂ ਰੈਗੂਲਰ ਪੋਸਟ-ਗ੍ਰੈਜੂਏਟ ਕੋਰਸਾਂ ਦੀਆਂ ਪ੍ਰੀਖਿਆਵਾਂ ਨਾਲ ਕਲੈਸ਼ ਕਰ ਰਹੀਆਂ ਹਨ। ਇਸ ਲਈ ਉਹ ਇਕੋ ਸਮੇਂ ਦੋਵੇਂ ਪ੍ਰੀਖਿਆਵਾਂ ਵਿੱਚ ਅਪੀਅਰ ਨਹੀਂ ਹੋ ਸਕਦੇ। ਅਜਿਹੇ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਰੀਅਪੀਅਰ ਵਿਸ਼ੇ ਦੀਆਂ ਪ੍ਰੀਖਿਆਵਾਂ, ਘੋਸ਼ਿਤ ਡੇਟ-ਸ਼ੀਟਾਂ ਅਨੁਸਾਰ ਹੀ ਦੇਣ, ਉਨ੍ਹਾਂ ਦੇ ਰੈਗੂਲਰ ਸਮੈਸਟਰ ਦੀਆਂ ਖੁੰਝੀਆਂ ਪ੍ਰੀਖਿਆਵਾਂ ਬਾਅਦ ਵਿੱਚ ਵਿਸੇਸ਼ ਤੌਰ ਤੇ ਕੰਡਕਟ ਕਰਵਾ ਲਈਆਂ ਜਾਣਗੀਆਂ।

2. ਇਸ ਤੋਂ ਇਲਾਵਾ ਬੀ.ਕਾਮ. ਕੋਰਸ ਦੇ ਕੁੱਝ ਵਿਦਿਆਰਥੀਆਂ ਪਾਸੋਂ ਵੀ ਬੇਨਤੀਆਂ ਪ੍ਰਾਪਤ ਹੋਈਆਂ ਹਨ ਜਿਸ ਵਿੱਚ ਉਨ੍ਹਾਂ ਵੱਲੋਂ ਬੀ.ਕਾਮ. ਪ੍ਰੀਖਿਆ ਦੇ ਪਰਚੇ ਸੀ.ਏ. ਦੀਆਂ ਪ੍ਰੀਖਿਆਵਾਂ ਨਾਲ ਕਲੈਸ਼ ਹੋਣ ਦਾ ਜਿਕਰ ਕੀਤਾ ਗਿਆ ਹੈ। ਅਜਿਹੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਨ੍ਹਾਂ ਸੀ.ਏ. ਦੀ ਪ੍ਰੀਖਿਆ ਨਾਲ ਕਲੈਸ਼ ਹੋਣ ਵਾਲੇ ਪਰਚੇ ਬਾਅਦ ਵਿੱਚ ਵਿਸੇਸ਼ ਤੌਰ ਤੇ ਕੰਡਕਟ ਕਰਵਾ ਲਏ ਜਾਣਗੇ।

3. ਕੁੱਝ ਵਿਦਿਆਰਥੀਆਂ ਪਾਸੋਂ ਬੇਨਤੀਆਂ ਪ੍ਰਾਪਤ ਹੋਈਆਂ ਹਨ, ਜਿਸ ਵਿੱਚ ਲਿਖਿਆ ਗਿਆ ਹੈ ਕਿ ਉਨ੍ਹਾਂ ਦੇ ਕਿਸੇ ਇਕ ਕੋਰਸ ਦੇ ਰੀਅਪੀਅਰ ਜਾਂ ਕਈ ਪਰਚੇ ਉਨ੍ਹਾਂ ਦੇ ਦੂਸਰੇ ਕੋਰਸ ਦੀਆਂ ਪ੍ਰੀਖਿਆਵਾਂ ਨਾਲ ਕਲੈਸ਼ ਕਰ ਰਹੇ ਹਨ। ਅਜਿਹੇ ਵਿਦਿਆਰਥੀਆਂ ਲਈ ਉਨ੍ਹਾਂ ਦੇ ਖੁੰਝੇ ਪਰਚਿਆਂ ਦੀ ਵਿਸੇਸ਼ ਪ੍ਰੀਖਿਆ, ਯੂਨੀਵਰਸਿਟੀ ਨਿਯਮਾਂ ਅਨੁਸਾਰ ਕੰਡਕਟ ਕਰਵਾ ਲਈ ਜਾਵੇਗੀ।

4. ਕੁੱਝ ਅਜਿਹੇ ਵਿਦਿਆਰਥੀ ਹਨ ਜਿਨ੍ਹਾਂ ਦੇ ਬੀ.ਐਡ. ਕੋਰਸ ਦੇ ਪਰਚੇ ਉਨ੍ਹਾਂ ਦੇ ਬੀ.ਏ. ਐਡੀਸ਼ਨਲ ਵਿਸ਼ਿਆਂ ਦੇ ਪਰਚਿਆਂ ਨਾਲ ਕਲੈਸ਼ ਕਰ ਰਹੇ ਹਨ। ਅਜਿਹੇ ਵਿਦਿਆਰਥੀਆਂ ਲਈ ਉਨ੍ਹਾਂ ਦੇ ਐਡੀਸ਼ਨਲ ਵਿਸ਼ਿਆਂ ਦੀ ਵਿਸੇਸ਼ ਪ੍ਰੀਖਿਆ ਬਾਅਦ ਵਿੱਚ ਕਰਵਾਈ ਜਾਵੇਗੀ।

5. ਡਿਸਟੈਂਸ ਐਜੂਕੇਸ਼ਨ ਰਾਹੀਂ ਪੜ੍ਹਾਈ ਕਰ ਰਹੇ ਕੁੱਝ ਅਜਿਹੇ ਵਿਦਿਆਰਥੀ ਹਨ ਜਿਨ੍ਹਾਂ ਦੀ ਲੋਕ ਸਭਾ ਚੋਣਾਂ-2024 ਵਿੱਚ ਡਿਊਟੀ ਲੱਗੀ ਹੋਈ ਹੈ, ਅਜਿਹੇ ਵਿਦਿਆਰਥੀਆਂ ਦੇ ਖੁੰਝੇ ਪਰਚਿਆਂ ਦੀ ਵਿਸੇਸ ਪ੍ਰੀਖਿਆ ਬਾਅਦ ਵਿੱਚ ਕਰਵਾ ਲਈ ਜਾਵੇਗੀ। ਇਸ ਲਈ ਉਨ੍ਹਾਂ ਨੂੰ ਚੋਣ ਡਿਊਟੀ ਲੱਗਣ ਅਤੇ ਨਿਭਾਉਣ ਸਬੰਧੀ ਸਬੂਤ ਪੇਸ਼ ਕਰਨਾ ਲਾਜ਼ਮੀ ਹੋਵੇਗਾ।

6. ਉਪਰੋਕਤ ਕਾਰਣਾਂ ਤੋਂ ਇਲਾਵਾ ਜੇਕਰ ਕਿਸੇ ਵਿਦਿਆਰਥੀ ਦੀ ਪ੍ਰੀਖਿਆ ਉਸ ਦੇ ਨਿੱਜੀ ਕਾਰਣ ਕਰਕੇ ਖੁੰਝ ਜਾਂਦੀ ਹੈ ਤਾਂ ਉਸ ਦੀ ਵਿਸੇਸ਼ ਪ੍ਰੀਖਿਆ ਕੰਡਕਟ ਨਹੀਂ ਕਰਵਾਈ ਜਾਵੇਗੀ। ਇਥੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਵਿਸੇਸ ਪ੍ਰੀਖਿਆ ਉਨ੍ਹਾਂ ਵਿਦਿਆਰਥੀਆਂ ਲਈ ਹੀ ਕਰਵਾਈ ਜਾਵੇਗੀ ਜਿਨ੍ਹਾਂ ਨੇ ਪਰਚਿਆਂ ਦੇ ਕਲੈਸ਼ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਵੱਲੋਂ ਇਕ ਪਰਚੇ ਦੀ ਪ੍ਰੀਖਿਆ ਦਿੱਤੀ ਹੋਈ ਹੋਵੇ।

ਅਜਿਹੇ ਵਿਦਿਆਰਥੀਆ ਲਈ ਪ੍ਰੀਖਿਆ ਕੇਂਦਰ ਕੇਵਲ ਪਟਿਆਲਾ ਵਿਖੇ ਹੋਵੇਗਾ।

Vishal Goyal

ਕੰਟਰੋਲਰ (ਪ੍ਰੀਖਿਆਵਾਂ)

ਕੰਟਰੋਲਰ (ਪਰੀਖਿਆਵਾਂ)
ਪੰਜਾਬੀ ਯੂਨੀਵਰਸਿਟੀ,
ਪਟਿਆਲਾ

Scanned with CamScanner